# प्रश्न–पत्र की योजना
## परीक्षा–2023

कक्षा – X

विषय – पंजाबी (तृतीय भाषा)

अवधि – 3 घण्टे 15 मिनट पूर्णांक – 80

1. उद्देश्य हेतु अंकभार –

| क्र.सं. | उद्देश्य | अंकभार | प्रतिशत |
|---|---|---|---|
| 1. | ज्ञान | 16 | 20 |
| 2. | अवबोध | 32 | 40 |
| 3. | अभिव्यक्ति | 24 | 30 |
| 4. | मौलिकता | 08 | 10 |
| योग | | 80 | 100 |

2. प्रश्नों के प्रकारवार अंकभार –

| क्र. सं. | प्रश्नों का प्रकार | प्रश्नों की संख्या | अंक | कुल अंक प्रतिशत | प्रतिशत प्रश्नों का | संभावित समय |
|---|---|---|---|---|---|---|
| 1. | वस्तुनिष्ठ | 14 | 14 | 17.50 | 28.50 | 28 मि. |
| 2. | अतिलघूत्तरात्मक | 13 | 15 | 18.75 | 26.50 | 34 मि. |
| 3. | लघूत्तरात्मक | 11 | 19 | 23.75 | 22.00 | 51 मि. |
| 4. | दीर्घउत्तरीय प्रश्न | 05 | 10 | 12.50 | 10.50 | 34 मि. |
| 5. | निबंधात्मक | 06 | 22 | 27.50 | 12.50 | 48 मि. |
| | योग | 49 | 80 | 100.00 | 100.00 | 195 मि. |

विकल्प योजना : आन्तरिक

3. विषय वस्तु का अंकभार –

| क्र.सं. | विषय वस्तु | अंकभार | प्रतिशत |
|---|---|---|---|
| 1 | पाठ्यपुस्तक कविता | 23 | 28.75 |
| 2 | पाठ्यपुस्तक निबंध | 11 | 13.75 |
| 3 | पाठ्यपुस्तक कहानी | 11 | 13.75 |
| 4 | व्याकरण | 15 | 18.75 |
| 5 | अपठित | 10 | 12.50 |
| 6 | पत्र–रचना | 04 | 05.00 |
| 7 | निबंध रचना | 06 | 07.50 |
| | योग | 80 | 100.00 |

# प्रश्न–पत्र ब्ल्यू प्रिन्ट

कक्षा –X                                   विषय :– पंजाबी                                   पूर्णांक – 80

| क्र. सं. | उद्देश्य इकाई / उप इकाई | ज्ञान | | | | | अवबोध | | | | | ज्ञानोपयोग / अभिव्यक्ति | | | | | कौशल / मौलिकता | | | | | योग |
|---|---|---|---|---|---|---|---|---|---|---|---|---|---|---|---|---|---|---|---|---|---|---|
| | | वस्तुनिष्ठ | अति.लघु. | लघु उत्तरात्मक | दीर्घउत्तरीय | निबन्धात्मक | वस्तुनिष्ठ | अति.लघु | लघु उत्तरात्मक | दीर्घउत्तरीय | निबन्धात्मक | वस्तुनिष्ठ | अति.लघु | लघु उत्तरात्मक | दीर्घउत्तरीय | निबन्धात्मक | वस्तुनिष्ठ | अति.लघु | लघु उत्तरात्मक | दीर्घउत्तरीय | निबन्धात्मक | |
| 1 | पाठ्यपुस्तक कविता | 3(3) | 1(1) | 2(1) | | | 1(1) | 3(3) | 2(2) | 2(1) | 3(1) | | 2(2) | 2(1) | | | | | 2(1) | | | 23(17) |
| 2 | पाठ्यपुस्तक निबंध | 1(1) | | | | | 1(1) | 2(2) | | | 3(1) | 1(1) | | | | 3(1) | | | | | | 11(7) |
| 3 | पाठ्यपुस्तक कहानी | 1(1) | 1(1) | 1(1) | | | 1(1) | 1(1) | | 2(1) | 3(1) | | | | | | 1(1) | | | | | 11(8) |
| 4 | व्याकरण | | | 2(1) | | | 1(1) | 1(1) | 2(1) | 2(1) | | 2(2) | 2(1) | 2(1) | | | 1(1) | | | | | 15(10) |
| 5 | अपठित | | | 2(1) | 2(1) | | | | | 2(1) | | | 2(1) | 2(1) | | | | | | | | 10(05) |
| 6 | पत्र–रचना | | | | | | | | | | | | | | | | | | | | 4(1) | 04(01) |
| 7 | निबंध रचना | | | | | | | | | | | | | | | 6(1) | | | | | | 06(01) |
| | | 5(5) | 2(2) | 7(4) | 2(1) | | 4(4) | 7(7) | 4(3) | 8(4) | 9(3) | 3(3) | 6(4) | 6(3) | | 9(2) | 2(2) | | 2(1) | | 4(1) | 80(49) |
| | | 16(12) | | | | | 32(21) | | | | | 24(12) | | | | | 8(4) | | | | | 80(49) |

विकल्पों की योजना :– प्र.सं. 16 से 12 में एक आंतरिक विकल्प है।    नोटः– कोष्ठक में बाहर की संख्या अंकों की तथा भीतर प्रश्नों की द्योतक है।

हस्ताक्षर

# ਮॉडल प्रश्न-पत्र
# माध्यमिक परीक्षा 2023
# विषय: पंजाबी (T.L.)

ਸਮਾਂ 3:15 ਘੰਟੇ ਕੁੱਲ ਅੰਕ : 80

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ:-**

- ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ ਪੱਤਰ `ਤੇ ਆਪਣਾ ਰੋਲ ਨੰਬਰ ਲਿਖਣ।
- ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰ ਕਿਤ ਹਨ । ਪ੍ਰਸ਼ਨ ਨੰਬਰ 16 ਤੋਂ 22 ਤੱਕ ਆਂਤਰਿਕ ਵਿਕਲਪ ਹਨ।
- ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ `ਤੇ ਹੀ ਲਿਖੋ । ਜਿਹਨਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਦਾ ਹੱਲ ਇੱਕ ਥਾਂ `ਤੇ ਇੱਕ ਹੀ ਤਰਤੀਬ ਵਿਚ ਕਰੋ।

## ਖੰਡ-ੳ

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :-** **12x1=12**

I. 'ਮਨ ਤੂੰ ਜੋਤਿ ਸਰੂਪੁ ਹੈ' ਸ਼ਬਦ ਕਿਹੜੇ ਗੁਰੂ ਸਾਹਿਬ ਜੀ ਦੀ ਰਚਨਾ ਹੈ-

(ੳ) ਗੁਰੂਨਾਨਕ ਦੇਵ (ਅ) ਗੁਰੂ ਅਮਰਦਾਸ (ੲ) ਗੁਰੂ ਰਾਮਦਾਸ (ਸ) ਗੁਰੂ ਅਰਜਨ ਦੇਵ

II. ਪ੍ਰੋ.ਮੋਹਨ ਸਿੰਘ ਦੀ ਰਚਨਾ ਹੈ -

(ੳ) ਮਾਂ (ਅ) ਵਿਸਾਖੀ ਦਾ ਮੇਲਾ (ੲ) ਮੇਰੀ ਜਿੰਦੇ (ਸ) ਕਿੱਕਰ

III. "ਕੁਛ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ ਚੁੱਪ ਰਿਹਾ ਤਾਂ ਸਮ੍ਹਾਦਾਨ ਕੀ ਕਹਿਣਗੇ" ਇਹ ਸਤਰਾਂ ਕਿਹੜੇ ਕਵੀ ਦੀਆਂ ਹਨ -

(ੳ) ਸ਼ਿਵ ਕੁਮਾਰ ਬਟਾਲਵੀ (ਅ) ਭਾਈ ਵੀਰ ਸਿੰਘ (ੲ) ਸੁਰਜੀਤ ਪਾਤਰ (ਸ) ਅੰਮ੍ਰਿਤਾ ਪ੍ਰੀਤਮ

IV. "ਸੱਚਿਆਂ ਨੂੰ ਹੁਣ ਮਿਲਦੇ ਧੱਕੇ, ਝੂਠੇ ਕੋਲ ਬਹਾਏ।
ਇਰਾਕੀਆਂ ਨੂੰ ਪਏ ਚਾਬਕ ਪੈਂਦੇ, ਗੱਦੋਂ ਖ਼ੁਦ ਖਵਾਏ।"

ਇਹ ਕਾਵਿ-ਸਤਰਾਂ ਕਿਸ ਕਵਿਤਾ ਦੀਆਂ ਹਨ-

(ੳ) ਮੂਰਖ ਨੂੰ ਅਸਵਾਰੀ (ਅ) ਉਲਟੇ ਹੋਰ ਜ਼ਮਾਨੇ ਆਏ
(ੲ) ਚਾਨਣ ਦੀ ਫੁਲਕਾਰੀ (ਸ) ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ

V. 'ਭਾਈ ਮਰਦਾਨਾ ਜੀ' ਨਿਬੰਧ ਦੇ ਨਿਬੰਧਕਾਰ ਹਨ -

(ੳ) ਹਰਪਾਲ ਸਿੰਘ ਲੱਖੀਆਂ (ਅ) ਪ੍ਰੋ. ਪੂਰਨ ਸਿੰਘ (ੲ) ਪ੍ਰਿੰ. ਸਰਵਣ ਸਿੰਘ (ਸ) ਹਰਪ੍ਰੀਤ ਕੌਰ

VI. "ਗੋ ਧਨ ਗਜ ਧੰਨਬਾਜ ਔਰ ਰਤਨ ਧਨ ਖਾਨ ।।
ਜਬ ਆਵੇ ਸੰਤੋਖ ਧਨ ਸਭ ਧਨ ਧੂਲ ਸਾਮਾਨ ।।"

ਇਹ ਲਾਈਨਾਂ ਕਿਹੜੇ ਨਿਬੰਧ `ਚ ਵਰਤੀਆਂ ਗਈਆਂ ਹਨ-

(ੳ) ਕਿਰਤ (ਅ) ਗੰਗਾ ਦੀਨ (ੲ) ਮਹਾਰਾਜਾ ਗੰਗਾ ਸਿੰਘ (ਸ) ਭਾਈ ਮਰਦਾਨਾ ਜੀ

VII. 'ਖ਼ੂਨ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ -

(ੳ) ਕੁਲਵੰਤ ਸਿੰਘ ਵਿਰਕ (ਅ) ਗੁਰਬਚਨ ਸਿੰਘ ਭੁੱਲਰ (ੲ) ਮੁਨਸ਼ੀ ਪ੍ਰੇਮ ਚੰਦ (ਸ) ਸੰਤੋਖ ਸਿੰਘ ਧੀਰ

VIII. "ਦੁੱਧ ਤੇ ਡੁਲ੍ਹਾ ਦਿੱਤਾ ਏ ਅੱਜ ਪੀੜ ਜੋਗੀ ਨੇ" ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ਹਨ-

(ੳ) ਦਿਆਲ ਨੇ ਲਾਲ ਨੂੰ (ਅ) ਵਹੁਟੀ ਨੇ ਲਾਲ ਨੂੰ (ੲ) ਵਹੁਟੀ ਨੇ ਦਿਆਲ ਨੂੰ (ਸ) ਲਾਲ ਨੇ ਵਹੁਟੀ ਨੂੰ

IX. ਸਿਆਣਿਆਂ ਨੇ ਕਿਹਾ ਹੈ-"ਇਹ ਜੱਗ ਮਿੱਠਾ, ਅਗਲਾ ਕਿਨ ਡਿੱਠਾ?"

ਉਪਰੋਕਤ ਵਾਕ `ਚ ਆਏ ਬਹੁਅਰਥਕ ਸ਼ਬਦ 'ਜੱਗ' ਦਾ ਸਹੀ ਅਰਥ ਹੈ -

(ੳ) ਬਰਤਨ (ਅ) ਸੰਸਾਰ (ੲ) ਜਾਗਣਾ (ਸ) ਮਨੁੱਖ ਦਾ ਨਾਂ

X. 'ਆਥਣ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ-

(ੳ) ਪਹੁ-ਫੁਟਾਲਾ (ਅ) ਸਵੇਰਾ (ੲ) ਸੁਵੱਖਤਾ (ਸ) ਸੰਝ

XI. 'ਆਮਦਨ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ-

(ੳ) ਖੱਟੀ (ਅ) ਖ਼ਰਚ (ੲ) ਕਮਾਈ (ਸ) ਰੁਪਿਆ-ਪੈਸਾ

XII. 'ਦੁਆਬੀ' ਉਪ-ਬੋਲੀ ਦੇ ਜ਼ਿਲ੍ਹਿਆਂ ਦਾ ਸਹੀ ਜੁੱਟ ਹੈ-

(ੳ) ਫ਼ਰੀਦਕੋਟ, ਬਠਿੰਡਾ (ਅ) ਜਲੰਧਰ, ਕਪੂਰਥਲਾ

(ੲ) ਜੰਮੂ, ਕਾਂਗੜਾ (ਸ) ਅੰਮ੍ਰਿਤਸਰ, ਤਰਨਤਾਰਨ

**2. ਹੇਠ ਲਿਖੀਆਂ ਖਾਲ੍ਹੀ ਥਾਵਾਂ ਭਰੋ -** **6x1=6**

I. ਫਰੀਦਾ ਗਲੀਏ ਚਿਕੜੁ ਦੂਰਿਘਰੁ_ _ _ _ _ _ _ _।।

II. ਦੇਖਿ ਪਰਾਈਆਂ ਚੰਗੀਆਂ ਮਾਵਾਂ _ _ _ _ _ _ _ _।।

III. ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ, ਚੱਲ ਨੀ _ _ _ _ _ _ _ _।

IV. ਮਿਲਖਾ ਸਿੰਘ ਨੂੰ ਕੋਈ ਉੱਡਣਾ ਸਿੱਖ, ਕੋਈ ਦੌੜ ਦਾ ਬਾਦਸ਼ਾਹ ਤੇ ਕੋਈ ਟਰੈਕ ਦਾ_ _ _ _ _ _ _ _ਹੈ।

V. ਮੈਨੂੰ ਤਾਂ ਸਹੁਰਾ _ _ _ _ _ _ _ _ਰਿਹਾ,ਨਹੀਂ ਮੈਂ ਕਿਹੜਾ ਤੇਰਾ ਦੋਖੀ ਸੀ।

VI. ਇਹ ਤੇ ਐਥੋਂ ਦਿਆਲ ਦੇ _ _ _ _ _ _ _ _ਤੋਂ ਲਿਆਏ ਆਂ।

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **12x1=12**

I. "ਮਲਕੁਜਿ ਕੰਨੀਂ ਸੁਣੀਦਾ ਮੁਹੁਦੇਖਾਲੇ ਆਇ" ਉਪਰੋਕਤ ਤੁਕ ਵਿਚ ਆਏ ਸ਼ਬਦ 'ਮਲਕ' ਦਾ ਅਰਥ ਲਿਖੋ।

II. 'ਸਿੰਮਲ ਰੁਖੁ ਸਰਾਇਰਾ' ਸ਼ਬਦ ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ?

III. 'ਕਿੱਕਰ' ਕਵਿਤਾ ਵਿਚ ਕਿੱਕਰ ਦੀ ਨਿਰਾਸ਼ਤਾ ਦਾ ਮੁੱਖ ਕਾਰਨ ਕੀ ਹੈ?

IV. "ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ" ਤੋਂ ਕੀ ਭਾਵ ਹੈ ?

V. ਭਾਈ ਗੁਰਦਾਸ ਜੀ ਅਨੁਸਾਰ ਭੂਈਂ ਉੱਪਰ ਕੌਣ ਭਾਰ ਹੈ ?

VI. ਗੰਗਾ ਦੀਨ ਕੀ ਕੰਮ ਕਰਦਾ ਸੀ ?

VII. ਰਾਜਸਥਾਨ ਵਿਚ ਭਾਟੀ ਰਾਜਪੂਤਾਂ ਦਾ ਸਭ ਤੋਂ ਵੱਡਾ ਕਿਲ੍ਹਾ ਕਿਹੜਾ ਹੈ ?

VIII. ਸ਼ਿਕੰਜਵੀ ਵਾਲਾ ਪੈਸਿਆਂ ਦੀ ਚਿੰਤਾ ਕਿਉਂ ਕਰ ਰਿਹਾ ਸੀ?

IX. ਲੇਖਕ ਦੀ ਮਾਂ ਡਰ ਹਟਾਉਣ ਲਈ ਉਹਨਾਂ ਨੂੰ ਕਿਸ ਦੀ ਗੱਲ ਸੁਣਾਉਂਦੀ ਹੁੰਦੀ ਸੀ?

X. 'ਅਧਕ' ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?

XI. 'ਬਿੰਦੀ' ਕਿਹੜੀ-ਕਿਹੜੀ ਲੱਗ ਨਾਲ ਲੱਗਦੀ ਹੈ ?

XII. 'ਅ'ਅੱਖਰ ਨਾਲ਼ ਕਿਹੜੀਆਂ-ਕਿਹੜੀਆਂ ਲਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ?

## ਖੰਡ-ਅ

**4-15. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:- (ਸ਼ਬਦ ਸੀਮਾ- 50 ਸ਼ਬਦ)** **12x2=24**

ਅਨੁਸ਼ਾਸਨ ਤੋਂ ਭਾਵ ਹੈ ਨਿਯਮਾਂ ਦਾ ਪਾਲਣ ਕਰਨਾ ਅਤੇ ਆਪਣੇ ਮਨ ਦੇ ਘੋੜੇ ਦੀਆਂ ਵਾਗਾਂ ਨੂੰ ਨਿਯਮਿਤ ਰੱਖਣਾ। ਜ਼ਿੰਦਗੀ ਦੇ ਹਰੇਕ ਪੜਾਅ ਉੱਤੇ ਅਨੁਸ਼ਾਸਨ ਦਾ ਮਹੱਤਵ ਹੈ ਅਤੇ ਹਰ ਮੋੜ ਉੱਤੇ ਇਸ ਦੀ ਲੋੜ ਹੈ।ਸਮੇਂ ਸਿਰ ਜਾਗਣਾ, ਸਮੇਂ ਸਿਰ ਸੌਣਾ, ਅਧਿਆਪਕਾਂ ਵੱਲੋਂ ਦਿੱਤਾ ਗਿਆ ਕੰਮ ਸਮੇਂ ਸਿਰ ਕਰਨਾ , ਸਮੇਂ ਸਿਰ ਸਕੂਲ ਪਹੁੰਚ ਕੇ ਇਕਾਗਰਤਾ ਨਾਲ ਪੜ੍ਹਾਈ ਕਰਨਾ ਅਤੇ ਨਿਮਰਤਾ ਨਾਲ ਅਧਿਆਪਕ ਤੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਪੁੱਛਣਾ, ਇਕ ਅਨੁਸ਼ਾਸਿਤ ਵਿਦਿਆਰਥੀ ਦੇ ਲੱਛਣ ਹਨ। ਅਨੁਸ਼ਾਸਨ ਅਜਿਹਾ ਵਿਲੱਖਣ ਗੁਣ ਹੈ ਜਿਸ ਦਾ ਵਿਦਿਆਰਥੀ ਜੀਵਨ ਵਿਚ ਬਹੁਤ ਜ਼ਿਆਦਾ ਮਹੱਤਵ ਹੈ।

**(4-8) ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ -**

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।
5. ਅਨੁਸ਼ਾਸਨ ਤੋਂ ਕੀ ਭਾਵ ਹੈ ?
6. ਇਕ ਅਨੁਸ਼ਾਸਿਤ ਵਿਦਿਆਰਥੀ ਦੇ ਲੱਛਣ ਕੀ ਹੁੰਦੇ ਹਨ ?
7. ਵਿਦਿਆਰਥੀ ਜੀਵਨ ਦਾ ਸਭ ਤੋਂ ਵਿਲੱਖਣ ਗੁਣ ਕੀ ਹੈ ?
8. ਔਖੇ ਸ਼ਬਦਾਂ ਦੇ ਅਰਥ ਲਿਖੋ-

    ਨਿਯਮਿਤ, ਵਿਲੱਖਣ, ਘੋੜੇ ਦੀਆਂ ਵਾਗਾਂ, ਇਕਾਗਰਤਾ ।

9. ਵਿਰੋਧੀ ਸ਼ਬਦ ਲਿਖੋ-

    ਅਮਨ, ਹਰਾਮ,ਹਨੇਰਾ, ਬਰੀਕ ।

10. ਗ਼ਰੀਬੀ, ਆਦਰ ਸ਼ਬਦਾਂ ਦੇ ਦੋ ਦੋ ਸਮਾਨਾਰਥਕ ਸ਼ਬਦ ਲਿਖੋ।
11. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕੀ ਹਰ ਇਕ ਦੇ ਦੋ-ਦੋ ਵੱਖਰੇ ਅਰਥ (ਬਹੁਅਰਥਕ ਸ਼ਬਦ) ਸਪਸ਼ਟ ਹੋ ਜਾਣ - ਵਾਰ, ਸੰਗ ।
12. ਮਾਝੀ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ ?
13. 'ਮੂਰਖ ਨੇ ਅਸਵਾਰੀ' ਸ਼ਲੋਕ ਤੋਂ ਕੀ ਸਿੱਖਿਆ ਮਿਲਦੀ ਹੈ ?
14. 'ਬੋਲੀ ਹੈ ਪੰਜਾਬੀ ਸਾਡੀ' ਕਾਵਿ ਰਚਨਾ ਕੀ ਸੁਨੇਹਾ ਦਿੰਦੀ ਹੈ ?
15. ਕਰਤਾਰਾ ਤਲਵਾਰ ਲੈ ਕੇ ਕੀ ਕਰਨ ਚੱਲਿਆ ਸੀ ? ਤੇ ਕਿਉਂ ?

## ਖੰਡ- ੲ

**16-19. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ- (ਸ਼ਬਦ ਸੀਮਾ - 100 ਸ਼ਬਦ ) 4x3=12**

16. 'ਅੱਜ ਆਖਾਂ ਵਾਰਿਸ ਸ਼ਾਹ' ਨੂੰ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

**ਜਾਂ**

ਫ਼ਰੀਦ ਜੀ ਦੇ ਸਲੋਕ ਪੜ੍ਹ ਕੇ ਕਿਹੜੇ-ਕਿਹੜੇ ਸਦਾਚਾਰਕ ਗੁਣ ਗ੍ਰਹਿਣ ਕਰਨ ਦੀ ਸਿੱਖਿਆ ਮਿਲਦੀ ਹੈ ?

17. ਸਾਧ ਤੇ ਕਿਰਤੀ ਦੇ ਲੱਛਣ ਕਿਵੇਂ ਮਿਲਦੇ ਹਨ ? ਸਪਸ਼ਟ ਕਰੋ ।

**ਜਾਂ**

ਗੰਗਾਦੀਨ ਦੀ ਮਾੜੀ ਮਾਲੀ ਹਾਲਤ ਲਈ ਕੌਣ ਜ਼ਿੰਮੇਵਾਰ ਸੀ ? ਤੇ ਕਿਉਂ ?

18. ਮਹਾਰਾਜਾ ਗੰਗਾ ਸਿੰਘ ਦੇ ਜਨਮ ਅਤੇ ਬਚਪਨ ਬਾਰੇ ਦੱਸਦੇ ਹੋਏ ਉਨ੍ਹਾਂ ਨੂੰ ਮਿਲੀਆਂ ਪੰਜ ਉਪਾਧੀਆਂ ਦੇਨਾਂ ਲਿਖੋ ।

**ਜਾਂ**

ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹਨ ?

19. 'ਪਹੁਤਾ ਪਾਂਧੀ' ਜਾਂ 'ਖ਼ੂਨ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

## ਖੰਡ-ਸ

**20-22. ਹੇਠਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:- (ਸ਼ਬਦ ਸੀਮਾ- 250 ਸ਼ਬਦ)** **4+4+6=14**

20. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ।।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ।।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ।।

I. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
II. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
III. ਗੁਰੂ ਜੀ ਰੱਬ ਨੂੰ ਕੀ ਉਲਾਮ੍ਹਾਂ ਦੇ ਰਹੇ ਹਨ ?
IV. ਔਖੇ ਸ਼ਬਦਾਂ ਦੇ ਅਰਥ ਲਿਖੋ:
ਖੁਰਾਸਾਨ, ਖਸਮਾਨਾ, ਕਰਤਾ, ਮੁਗਲੁ ।

**ਜਾਂ**

ਡਾਲੀ ਨਾਲੋਂ ਤੋੜ ਨ ਸਾਨੂੰ, ਅਸਾਂ ਹੱਟ 'ਮਹਿਕ' ਦੀ ਲਾਈ ।
ਲੱਖ ਗਾਹਕ ਜੇ ਸੁੰਘੇ ਆਕੇ, ਖਾਲੀ ਕੋਇ ਨਾ ਜਾਈ ।
ਤੂੰ ਜੇ ਇੱਕ ਤੋੜ ਕੇ ਲੈ ਗਿਓਂ ਇੱਕ ਜੋਗਾ ਰਹਿ ਜਾਸਾਂ।
ਉਹ ਭੀ ਪਲਕ ਝਲਕ ਦਾ ਮੇਲਾ ਰੂਪ ਮਹਿਕ ਨਸ ਜਾਈ।

I. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।
II. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।
III. ਕਵੀ ਉਪਰੋਕਤ ਕਾਵਿ-ਬੰਦ ਰਾਹੀਂ ਕੀ ਸੁਨੇਹਾ ਦੇਣਾ ਚਾਹੁੰਦਾ ਹੈ ?
IV. ਔਖੇ ਸ਼ਬਦਾਂ ਦੇ ਅਰਥ ਲਿਖੋ:
ਡਾਲੀ, ਮਹਿਕ, ਪਲਕ ਝਲਕ, ਗਾਹਕ।

21. ਆਪਣੇ ਸਕੂਲ ਦੇ ਮੁੱਖ ਅਧਿਆਪਕ ਸਾਹਿਬ ਨੂੰ ਸਰੀਰਕ ਅਭਿਆਸ ਲਈ ਜਿਮ ਦਾ ਸਾਮਾਨ ਤੇ ਕਮਰੇ ਦਾ ਪ੍ਰਬੰਧ ਕਰਨ ਲਈ ਬਿਨੈ-ਪੱਤਰ ਲਿਖੋ ।

**ਜਾਂ**

ਆਪਣੇ ਗੂੜ੍ਹੇ ਮਿੱਤਰ/ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿਚ ਬਰਾਬਰ ਦਿਲਚਸਪੀ ਲਵੇ।

22. ਕਿਸੇ ਇਕ ਵਿਸ਼ੇ ਉੱਪਰ ਲੇਖ ਲਿਖੋ -

ਕੌਮੀ ਬਾਪੂ ਮਹਾਤਮਾ ਗਾਂਧੀ ਜੀ

ਜਾਂ

ਵਿਦਿਆਰਥੀ ਅਤੇ ਅਨੁਸ਼ਾਸਨ

**ਜਾਂ**

ਰਾਜਸਥਾਨ ਦੇ ਇਤਿਹਾਸਕ ਸਥਾਨਾਂ ਦੀ ਯਾਤਰਾ

===